# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 02 ਜੁਲਾਈ 2024 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਨੇ ਦੇਸ਼ ਭਗਤ ਅਤੇ ਜੁਝਾਰੂ ਕਵੀ ਮੁਨਸ਼ਾ ਸਿੰਘ ਦੁਖੀ ਦਾ ਜਨਮ ਦਿਨ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 2 ਜੁਲਾਈ : ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਮਹਾਨ ਦੇਸ਼ ਭਗਤ ਅਤੇ ਕਵੀ ਮੁਨਸ਼ਾ ਸਿੰਘ ਦੁਖੀ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਨਾਮਵਰ ਵਿਦਵਾਨ ਜੈਤੇਗ ਸਿੰਘ ਅਨੰਤ ਅਤੇ ਉੱਘੇ ਇਤਿਹਾਸਕਾਰ ਡਾ. ਗੁਰਦੇਵ ਸਿੰਘ ਸਿੱਧੂ ਨੇ ਮੁਨਸ਼ਾ ਸਿੰਘ ਦੁਖੀ ਵੱਲੋਂ ਦੇਸ਼, ਕੌਮ ਅਤੇ ਸਿੱਖ ਪੰਥ ਵਾਸਤੇ ਕੀਤੀ ਕੁਰਬਾਨੀ ਅਤੇ ਉਹਨਾਂ ਦੇ ਦੇਸ਼ ਭਗਤੀ ਜੀਵਨ ਬਾਰੇ ਵਿਸਥਾਰ ਵਿੱਚ ਵਿਚਾਰ ਪੇਸ਼ ਕੀਤੇ। ਸਮਾਗਮ ਦਾ ਆਗਾਜ਼ ਗੁਰਦੁਆਰਾ ਸਾਹਿਬ ਦੇ ਸਕੱਤਰ ਚਰਨਜੀਤ ਸਿੰਘ ਮਰਵਾਹਾ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਪਰੰਤ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਮੁਨਸ਼ਾ ਸਿੰਘ ਦੁਖੀ, ਜੈਤੇਗ ਸਿੰਘ ਅਨੰਤ ਅਤੇ ਡਾ. ਗੁਰਦੇਵ ਸਿੰਘ ਸਿੱਧੂ ਬਾਰੇ ਸੰਖੇਪ ਜਾਣਕਾਰੀ ਦਿੱਤੀ।




ਇਸ ਮੌਕੇ ਬੋਲਦਿਆਂ ਪ੍ਰਸਿੱਧ ਚਿੰਤਕ ਅਤੇ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਕੌਮਾਂ ਉਹੀ ਜਿਉਂਦੀਆਂ ਹਨ ਜਿਹੜੀਆਂ ਆਪਣੇ ਵਿਰਸੇ ਤੇ ਵਿਰਾਸਤ ਨੂੰ ਯਾਦ ਰਖਦੀਆਂ ਹਨ। ਉਨ੍ਹਾਂ ਦੱਸਿਆ ਕਿ ਮੁਨਸ਼ਾ ਸਿੰਘ ਦੁਖੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਤੇ ਕ੍ਰਾਂਤੀਕਾਰੀ ਕਵੀ ਸਨ। ਉਨ੍ਹਾਂ ਦਾ ਜਨਮ 1 ਜਲਾਈ 1890 ਨੂੰ ਬਰਤਾਨਵੀ ਪੰਜਾਬ ਦੇ ਪਿੰਡ ਜੰਡਿਆਲਾ ਮੰਜਕੀ ਜ਼ਿਲਾ ਜਲੰਧਰ ਵਿੱਚ ਸੂਬੇਦਾਰ ਨਿਹਾਲ ਸਿੰਘ ਤੇ ਮਾਤਾ ਮਹਿਤਾਬ ਕੌਰ ਦੇ ਘਰ ਹੋਇਆ। ਉਹ ਇੱਕ ਸੰਪੰਨ ਜੁਝਾਰੂ ਕਵੀ, ਪੱਤਰਕਾਰ, ਸੰਪਾਦਕ ਅਤੇ ਹੋਰ ਬੇਅੰਤ ਗੁਣਾਂ ਦੇ ਸੁਆਮੀ ਸਨ। ਕਵਿਤਾ ਉਹਨਾਂ ਦੀ ਜਿੰਦ ਜਾਨ ਸੀ ਤੇ ਉਹ ਪੂਰਨ ਰੂਪ ਵਿੱਚ ਕਵਿਤਾ ਨੂੰ ਸਮਰਪਿਤ ਸਨ। ਉਹਨਾਂ ਦੇ ਇਕ ਦਰਜਨ ਤੋਂ ਵੱਧ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਉਹਨਾਂ ਭਾਈ ਮੋਹਨ ਸਿੰਘ ਵੈਦ ਦੀ ਜੀਵਨੀ ਵੀ ਲਿਖੀ। ਉਹ ਤੀਖਣ ਬੁੱਧੀ ਦੇ ਮਾਲਕ ਸਨ। ਪ੍ਰਾਇਮਰੀ ਤੱਕ ਦੀ ਪੜ੍ਹਾਈ ਕਰਨ ਦੇ ਬਾਵਜੂਦ ਉਹ ਪੰਜਾਬੀ, ਹਿੰਦੀ, ਬੰਗਾਲੀ, ਚੀਨੀ, ਜਪਾਨੀ, ਅੰਗਰੇਜ਼ੀ ਭਾਸ਼ਾਵਾਂ ਦੇ ਗਿਆਤਾ ਸਨ। ਉਨ੍ਹਾਂ ਵਿਦੇਸ਼ਾਂ ਵਿੱਚ ਜਾ ਕੇ ਭਾਰਤੀਆਂ ਵਿਚ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕੀਤਾ। ਉਹਨਾਂ ਦੀ ਕਵਿਤਾ 'ਗਦਰ' ਰਸਾਲੇ ਵਿਚ ਛਪਦੀ ਸੀ ਜੋ ਗ਼ਦਰੀ ਯੋਧਿਆਂ ਵਿਚ ਇਕ ਨਵਾਂ ਜਜ਼ਬਾ, ਸ਼ਕਤੀ ਅਤੇ ਊਰਜਾ ਪੈਦਾ ਕਰਦੀ ਸੀ।

ਡਾ. ਗੁਰਦੇਵ ਸਿੰਘ ਸਿੱਧੂ ਨੇ ਕਿਹਾ ਕਿ ਮੁਨਸ਼ਾ ਸਿੰਘ ਦੁਖੀ ਇਕ ਸੂਰਬੀਰ ਸੁਤੰਤਰਤਾ ਸੰਗਰਾਮੀ, ਪੂਰਨ ਗੁਰਸਿੱਖ ਸੀ ਜਿਸ ਨੇ ਆਪਣੀ ਸਾਰੀ ਜ਼ਿੰਦਗੀ ਪੰਜਾਬ ਦੀ ਬਿਹਤਰੀ ਅਤੇ ਕੌਮ ਦੀ ਆਜ਼ਾਦੀ ਵਾਸਤੇ ਲਾਈ। ਉਹਨਾਂ ਨੂੰ ਯਾਦ ਕਰਨਾ ਇਸ ਲਈ ਵੀ ਮਹੱਤਵਪੂਰਨ ਹੈ ਕਿ ਵੈਨਕੂਵਰ, ਸਰੀ ਦੀ ਜਿਸ ਧਰਤੀ 'ਤੇ ਅਸੀਂ ਬੈਠੇ ਹਾਂ ਇਸ ਧਰਤੀ 'ਤੇ ਉਹਨਾਂ ਦੀਆਂ ਪੈੜਾਂ ਪਈਆਂ ਹੋਈਆਂ ਹਨ। ਚੜ੍ਹਦੀ ਜਵਾਨੀ ਦੇ ਮਹੱਤਵਪੂਰਨ ਸਾਲ ਉਹਨਾਂ ਨੇ ਇਸੇ ਧਰਤੀ 'ਤੇ ਲਾਏ ਸਨ। ਇਸ ਕਰਕੇ ਸਾਡਾ ਇਹ ਫਰਜ਼ੀ ਬਣ ਜਾਂਦਾ ਕਿ ਅਸੀਂ ਉਹਨਾਂ ਨੂੰ ਯਾਦ ਕਰਦੇ ਰਹੀਏ। ਉਨ੍ਹਾਂ ਦੱਸਿਆ ਕਿ ਉਹ 17-18 ਸਾਲ ਦੀ ਉਮਰ ਵਿਚ ਇਸ ਧਰਤੀ ਉੱਤੇ ਪਹੁੰਚੇ ਸਨ। ਉਨ੍ਹਾਂ ਦੇ ਬਚਪਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਫੌਜ ਵਿਚ ਸੂਬੇਦਾਰ ਸਨ। ਸਾਲ ਪਿੱਛੋਂ ਛੁੱਟੀ ਘਰ ਆਉਂਦੇ ਸਨ। ਇਸ ਕਰਕੇ ਉਨ੍ਹਾਂ ਦਾ ਪਾਲਣ ਪੋਸਣ ਉਹਨਾਂ ਦੀ ਮਾਤਾ ਦੇ ਹੱਥਾਂ ਦੇ ਵਿੱਚ ਹੋਇਆ। ਮਾਤਾ ਗੁਰੂ ਘਰ ਦੀ ਪ੍ਰੇਮਣ ਸਨ ਅਤੇ ਪਿੰਡ ਦੀ ਧਰਮਸ਼ਾਲਾ ਵਿੱਚ ਰੋਜ਼ ਜਾ ਕੇ ਗੁਰੂ ਗਰੰਥ ਸਾਹਿਬ ਨੂੰ ਨਮਸਕਾਰ ਕਰਦੇ ਸਨ ਤੇ ਬਾਲ ਮੁਨਸ਼ਾ ਸਿੰਘ ਵੀ ਉਨ੍ਹਾਂ ਦੇ ਨਾਲ ਜਾਂਦਾ ਸੀ। ਉਸ ਧਰਮਸ਼ਾਲਾ ਦਾ ਗ੍ਰੰਥੀ ਸੇਵਾਦਾਰ ਭਾਈ ਸੋਭਾ ਸਿੰਘ ਸੀ ਜੋ ਬੜਾ ਵਿਦਵਾਨ ਸੀ। ਮੁਨਸ਼ਾ ਸਿੰਘ ਨੇ ਉਹਨਾਂ ਤੋਂ ਸਿੱਖਿਆ ਗ੍ਰਹਿਣ ਕੀਤੀ ਤੇ ਉਹਨਾਂ ਕੋਲੋਂ ਉਹ ਗੁਰਮੁਖੀ ਅਤੇ ਹੋਰ ਭਾਸ਼ਾਵਾਂ ਸਿੱਖੀਆਂ। ਉਨ੍ਹਾਂ ਨੇ ਕਈ ਰਸਾਲਿਆਂ ਦੀ ਸੰਪਾਦਨਾ ਕੀਤੀ। ਉਨ੍ਹਾਂ ਨੇ ਕੌਮ ਵਾਸਤੇ, ਦੇਸ਼ ਵਾਸਤੇ, ਸਿੱਖ ਪੰਥ ਵਾਸਤੇ ਵੱਡੀ ਕੁਰਬਾਨੀ ਕੀਤੀ।

ਉਨ੍ਹਾਂ ਕਿਹਾ ਕਿ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਧੰਨਵਾਦ ਦੀ ਪਾਤਰ ਹੈ ਜਿਸ ਨੇ ਆਪਣੇ ਪੁਰਖਿਆਂ ਨੂੰ ਯਾਦ ਕਰਨ ਦੀ ਲਹਿਰ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁਨਸ਼ਾ ਸਿੰਘ ਦੁਖੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿਸਰ ਗਈਆਂ ਹਨ ਜੇ ਹੋ ਸਕੇ ਤਾਂ ਰਚਨਾਵਾਂ ਲੱਭ ਕੇ ਉਹਨਾਂ ਨੂੰ ਮੁੜ ਪ੍ਰਕਾਸ਼ਿਤ ਕੀਤਾ ਜਾਵੇ ਤਾਂ ਕਿ ਉਨ੍ਹਾਂ ਦਾ ਸੁਨੇਹਾ ਫਿਰ ਸਾਡੇ ਮਨਾਂ ਦੇ ਵਿਚ ਵਸੇ, ਸਾਨੂੰ ਪ੍ਰੇਰਨਾ ਮਿਲੇ ਅਤੇ ਵਰਤਮਾਨ ਹਾਲਾਤ ਵਿੱਚ ਆਪਣੇ ਦੇਸ਼ ਵਾਸਤੇ ਅਸੀਂ ਆਪਣਾ ਕੁਝ ਯੋਗਦਾਨ ਪਾ ਸਕੀਏ।

ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਮੁਨਸ਼ਾ ਸਿੰਘ ਦੁਖੀ ਜਿਹੇ ਦੇਸ਼ ਭਗਤਾਂ 'ਤੇ ਜਿੰਨਾਂ ਵੀ ਮਾਣ ਕੀਤਾ ਜਾਵੇ ਓਨਾ ਹੀ ਥੋੜ੍ਹਾ ਹੈ। ਕਨੇਡਾ, ਅਮਰੀਕਾ ਵਿੱਚ ਭਾਰਤੀ ਮੂਲ ਦੇ ਵਸਨੀਕਾਂ ਵਾਸਤੇ ਉਹਨਾਂ ਦੀ ਜੀਵਨ ਗਾਥਾ ਬਹੁਤ ਹੀ ਮਾਣਮੱਤੀ ਤੇ ਵਿਰਾਸਤੀ ਹੈ। ਕਵੀ ਹੋਣ ਦੇ ਨਾਲ ਨਾਲ ਉਹ ਵਾਰਤਕ ਜੀਵਨੀਆਂ ਦੇ ਲਿਖਾਰੀ ਵੀ ਸਨ, ਕਈ ਮਾਸਕ ਪਰਚੇ ਵੀ ਕੱਢੇ। ਭਾਰਤ ਵਿੱਚ ਉਨ੍ਹਾਂ ਦੀਆਂ 36 ਦੇ ਕਰੀਬ ਪੁਸਤਕਾਂ ਪ੍ਰਕਾਸ਼ਤ ਹੋਈਆਂ ਹਨ ਅਤੇ 25 ਦੇ ਕਰੀਬ ਅਣ-ਛਪੀਆਂ ਪਈਆਂ ਹਨ।

ਸ. ਜੱਬਲ ਨੇ ਅੰਤ ਵਿੱਚ ਡਾ. ਗੁਰਦੇਵ ਸਿੰਘ ਸਿੱਧੂ ਅਤੇ ਜੈਤੇਗ ਸਿੰਘ ਅਨੰਤ ਅਤੇ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਬਲਬੀਰ ਸਿੰਘ ਚਾਨਾ, ਸਕੱਤਰ ਚਰਨਜੀਤ ਸਿੰਘ ਮਰਵਾਹਾ, ਸੁਰਿੰਦਰ ਸਿੰਘ ਜੱਬਲ ਅਤੇ ਜੈਤੇਗ ਸਿੰਘ ਅਨੰਤ ਨੇ ਡਾ. ਗੁਰਦੇਵ ਸਿੰਘ ਸਿੱਧੂ ਨੂੰ 'ਰਾਮਗੜ੍ਹੀਆ ਵਿਰਾਸਤ' ਪੁਸਤਕ ਸਨਮਾਨ ਵਜੋਂ ਭੇਟ ਕੀਤੀ।

## ਬਿਆਨ-ਏ-ਹਰਫ਼ ਸਾਹਿਤਕ ਮੰਚ ਪੰਜਾਬ (ਰਜਿ) ਵੱਲੋਂ ਫਿਰੋਜ਼ਪੁਰ ਸ਼ਹਿਰ ਵਿਖੇ ਪਲੇਠਾ ਸਮਾਗਮ ਸਕੂਨ-ਏ-ਮਹਿਫ਼ਲ ਰਿਹਾ ਸਫ਼ਲ – ਨਾਮਵਰ ਗਜ਼ਲਗੋ, ਰਾਸ਼ਟਰੀ ਪੁਰਸਕਾਰ ਵਿਜੇਤਾ ਡਾ. ਗੁਰਚਰਨ ਕੌਰ ਕੋਚਰ ਨੇ ਕੀਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ

ਫਿਰੋਜ਼ਪੁਰ, 2 ਜੁਲਾਈ : ਮਾਂ ਬੋਲੀ ਪੰਜਾਬੀ ਦੇ ਸਰਬਪੱਖੀ ਵਿਕਾਸ ਲਈ ਬਿਆਨ-ਏ-ਹਰਫ਼ ਸਾਹਿਤਕ ਮੰਚ ਪੰਜਾਬ (ਰਜਿ) ਵੱਲੋਂ ਮਿਤੀ 30 ਜੂਨ 2024 ਦਿਨ ਐਤਵਾਰ ਫਿਰੋਜ਼ਪੁਰ ਸ਼ਹਿਰ ਵਿਖੇ ਗੀਤਾਂ, ਕਵਿਤਾਵਾਂ ਤੇ ਹਾਸ-ਰਸ ਰੰਗਾਂ ਨਾਲ ਭਰਪੂਰ ਪੰਜਾਬੀਅਤ ਨੂੰ ਸਮਰਪਿਤ "ਸਕੂਨ-ਏ-ਮਹਿਫ਼ਲ" ਕਵੀ ਦਰਬਾਰ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਜਿਸ ਦੀ ਕਾਰਗੁਜ਼ਾਰੀ ਮੰਚ ਦੀ ਪ੍ਰਧਾਨ ਸਿਮਰਪਾਲ ਕੌਰ ਬਠਿੰਡਾ ਅਤੇ ਸਰਪ੍ਰਸਤ ਲਾਡੀ ਝੋਕ ਵਾਲਾ ਜੀ ਦੀ ਨਜ਼ਰ ਹੇਠ ਬੜੇ ਸੁਚੱਜੇ ਢੰਗ ਨਾਲ ਹੋਈ।



ਸਮਾਗਮ ਦੌਰਾਨ ਬਹੁਤ ਹੀ ਸਲੀਕੇ ਨਾਲ ਮਨਦੀਪ ਸਿੱਧੂ ਸਹਿਜ ਨੇ ਸਟੇਜ ਦਾ ਕੰਮ ਸੰਭਾਲਿਆਂ । ਸਾਰੇ ਹੀ ਕਵੀ ਸਾਹਿਬਾਨ ਨੂੰ ਜੀ ਆਇਆ ਆਖਦਿਆਂ ਪ੍ਰੋਗਰਾਮ ਦਾ ਆਗਾਜ਼ ਕੀਤਾ ਤੇ ਉਸ ਤੋਂ ਬਾਅਦ ਬਿਆਨ-ਏ-ਹਰਫ਼ ਸਾਹਿਤਕ ਮੰਚ ਪੰਜਾਬ ਦੇ ਸਰਪ੍ਰਸਤ ਲਾਡੀ ਝੋਕ ਵਾਲਾ ਜੀ ਨੇ ਆਏ ਹੋਏ ਕਵੀ ਸਾਹਿਬਾਨਾਂ ਦਾ ਇੱਕ ਬਹੁਤ ਹੀ ਪਿਆਰੀ ਕਵਿਤਾ ਨਾਲ ਸਵਾਗਤ ਕੀਤਾ । ਪ੍ਰੋਗਰਾਮ ਵਿੱਚ ਡਾ. ਗੁਰਚਰਨ ਕੌਰ ਕੋਚਰ ਜੀ (ਮੁੱਖ ਮਹਿਮਾਨ) , ਅੰਜੂ 'ਵ ਰੱਤੀ ਜੀ, ਮਨਦੀਪ ਕੌਰ ਭਦੌੜ ਜੀ, ਮੀਨਾ ਮਹਿਰੋਕ ਜੀ, ਪ੍ਰੋ . ਗੋਪਾਲ ਸਿੰਘ ਜੀ, ਸੁਖਵਿੰਦਰ ਸਿੰਘ ਭੁੱਲਰ ਜੀ, ਪ੍ਰੀਤ ਹੀਰ ਜੀ, ਗੁਰਵਿੰਦਰ ਕਾਂਗੜ ਅਤੇ ਮਸ਼ਹੂਰ ਗੀਤਕਾਰ ਗੁਰਨਾਮ ਸਿੱਧੂ ਗਾਮਾ ਜੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਹਨਾਂ ਨੇ ' ਬਿਆਨ-ਏ-ਹਰਫ਼ ਸਾਹਿਤਕ ਮੰਚ ਪੰਜਾਬ ਨੂੰ ਪਲੇਠੇ ਪ੍ਰੋਗਰਾਮ ਲਈ ਅਸ਼ੀਰਵਾਦ ਦਿੱਤਾ ਅਤੇ ਆਪਣੇ ਭਾਵਪੂਰਨ ਵਿਚਾਰ ਤੇ ਰਚਨਾਵਾਂ ਦੀ ਵੀ ਸਾਂਝ ਪਾਈ। ਜਿਸ ਵਿੱਚ ਮਾਂ ਬੋਲੀ ਨੂੰ ਬਣਦਾ ਸਤਿਕਾਰ ਦੇਣ , ਰੁੱਖ ਲਾਉਣ, ਪਾਣੀ ਬਚਾਉਣ ਅਤੇ ਨਸ਼ਿਆਂ ਤੇ ਵੀ ਵਿਚਾਰਾਂ ਦੀ ਸਾਂਝ ਪਾਈ ਗਈ

ਵੱਖ-ਵੱਖ ਸ਼ਹਿਰਾਂ ਅਤੇ ਸੂਬਿਆਂ ਤੋਂ ਆਏ ਹੋਏ ਕਲਮਕਾਰਾਂ ਨੇ ਬਹੁਤ ਸਾਰੇ ਰੰਗ ਪੇਸ਼ ਕੀਤੇ ਤੇ ਸਾਰੀ ਮਹਿਫਲ ਨੂੰ ਕੀਲ ਕੇ ਰੱਖਿਆ ਜਿਸ ਵਿੱਚ ਕਵਿਤਾ, ਗ਼ਜ਼ਲ , ਗੀਤ, ਕਵੀਸ਼ਰੀ, ਲੋਕ ਰੰਗ, ਕਾਵਿ ਵਿਅੰਗ ਤੇ ਹਾਸ-ਰਸ ਦੇ ਰੰਗ ਪੇਸ਼ ਕੀਤੇ ਗਏ । ਪਹੁੰਚੇ ਹੋਏ ਕਲਮਕਾਰ ਛਿੰਦਾ ਧਾਲੀਵਾਲ, ਸ਼ਮਸ਼ੇਰ ਸਿੰਘ ਮੱਲ੍ਹੀ ਜਸਵੀਰ ਸ਼ਰਮਾ ਦੱਦਾਹੂਰ, ਗੁਰਦੀਪ ਦਾਨੀ ਫੂੱਲੋ ਮਿੱਠੀ, ਹਰਭਜਨ ਭਗਰੱਥ, ਸੁਰਜੀਤ ਸਿੰਘ ਕਾਉਂਕੇ, ਕੁਲਦੀਪ ਦੀਪ, ਦਵਿੰਦਰਪਾਲ ਬਾਤਿਸ਼, ਕਿਰਨਦੀਪ ਕੌਰ, ਰਮਨਦੀਪ ਰਮਣੀਕ, ਸੁਖਰਾਜ ਸਿੰਘ ਸਿੱਧੂ, ਹਰਜਿੰਦਰ ਕੌਰ ਬਠਿੰਡਾ, ਤੇਜਿੰਦਰ ਸਿੰਘ ਜਸ਼ਨ, ਈਸ਼ਰ ਸਿੰਘ ਲੰਭਵਾਲੀ, ਸਤਨਾਮ ਸਿੰਘ ਅਬੋਹਰ, ਕੁਲਵਿੰਦਰ ਕਾਮੇਕੇ, ਪੂਜਾ ਰਾਣੀ, ਪਰਮ ਸਿੱਧੂ, ਗੁਰਤੇਜ ਸਿੰਘ ਖੁਡਾਲ, ਰਾਜਿੰਦਰ ਸਿੰਘ ਰਾਜ ਕਲਾਨੌਰ, ਬਲਰਾਜ ਸਿੰਘ ਸਰਾਂ, ਗੋਰਾ ਸਿੰਘ ਮੀਆਂ, ਜੱਸੀ ਧਰੌੜ, ਹਰੀ ਸਿੰਘ, ਕੁਲਦੀਪ ਸਿੰਘ, ਹਰਜੀਤ ਸਿੰਘ, ਵਿਜੈ ਵਿਕਟਰ, ਵਰਿੰਦਰ ਕੁਮਾਰ, ਕੈਪਟਨ ਮਲਕੀਅਤ ਸਿੰਘ, ਚਰਨ ਸਿੰਘ ਭਦੌੜ, ਭੁਪਿੰਦਰ ਪਰਵਾਜ਼, ਕੰਵਰਪ੍ਰੀਤ ਕੌਰ ਮਾਨ, ਇੰਦਰਜੀਤ ਲੌਂਟੇ, ਰਮਨਦੀਪ ਕੌਰ ਬਾਜਾਖਾਨਾ, ਗੁਰਮੀਤ ਬੱਬੀ ਬਾਜਾਖਾਨਾ,ਕਿਰਨਾ ਦੇਵ ਸਿੰਗਲਾ, ਰਾਜਵਿੰਦਰ ਸਿੰਘ ਗੱਡੂ ਰਾਜ, ਸੁਖਜਿੰਦਰ ਸਿੰਘ ਭੰਗਚੜ੍ਹੀ. ਸੁਭਾਸ਼ ਸੋਲੰਕੀ, ਰਣਬੀਰ ਸਿੰਘ ਪ੍ਰਿੰਸ, ਜਸਕਰਨ ਮੱਤਾ, ਅਤੇ ਮੰਦਰ ਗਿੱਲ ਆਦਿ ਜਿਨ੍ਹਾਂ ਨੇ ਆਪਣੇ ਆਪਣੇ ਗੀਤਾਂ, ਗ਼ਜ਼ਲਾਂ, ਕਵੀਸ਼ਰੀ, ਕਾਵਿ ਵਿਅੰਗ, ਤੇ ਹਾਸ-ਰਸ ਰੰਗਾਂ ਨਾਲ ਸਾਰੀ ਹੀ ਮਹਿਫ਼ਲ ਨੂੰ ਸਕੂਨ-ਏ-ਮਹਿਫਲ ਦੇ ਅਰਥਾਂ ਨੂੰ ਪੂਰੀ ਤਰ੍ਹਾਂ ਸੰਪੂਰਨ ਕਰ ਦਿੱਤਾ, ਭਾਵ ਹਰੇਕ ਨੇ ਇਸ ਸਕੂਨ ਨੂੰ ਗ੍ਰਹਿਣ ਕੀਤਾ। ਪਹਿਲੀ ਵਾਰ ਕਿਸੇ ਕਵੀ ਦਰਬਾਰ ਵਿਚ ਸਰੋਤੇ ਜੋ ਸਪੈਸ਼ਲ ਸੁਣਨ ਲਈ ਹੀ ਪਾਹੁੰਚੇ।

ਆਖਿਰ ਵਿੱਚ ਸਿਮਰਪਾਲ ਕੌਰ ਬਠਿੰਡਾ ਨੇ ਪ੍ਰੋਗਰਾਮ ਦੇ ਮਾਹੌਲ ਨੂੰ ਦੇਖਦੇ ਹੋਏ ਅਤੇ ਹੋ ਰਹੀ ਪ੍ਰਸੰਸਾ ਦੇਖ ਕੇ ਕਿਹਾ ਕਿ ਏਸੇ ਤਰ੍ਹਾਂ ਦੇ ਹੀ ਸਕੂਨ ਭਰੇ ਪ੍ਰੋਗਰਾਮ ਕਰਨੇ ਚਾਹੀਦੇ ਹਨ। ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹੇ ਸਮਾਗਮ ਲਈ ਸਭ ਦਾ ਧੰਨਵਾਦ ਕੀਤਾ ਉਹਨਾਂ ਨੇ ਕਿਹਾ ਕਿ ਸੁਰਿੰਦਰ ਸਿੰਘ (ਬਾਬਾ ਸਾਊਂਡ) ਜੀ ਨੇ ਵੀ ਬਹੁਤ ਸੋਹਣਾ ਕੰਮ ਕੀਤਾ। ਸਾਰੇ ਸਮਾਗਮ ਦੀਆਂ ਤਸਵੀਰਾਂ ਅਤੇ ਵੀਡੀਓ ਦਾ ਕੰਮ ਸੁਖਰਾਜ ਧਾਲੀਵਾਲ ਨੇ ਸਾਂਭਿਆ।

ਬਾਕੀ ਇਸ ਸਮਾਗਮ ਵਿੱਚ ਇਕ ਨਵੇਕਲੀ ਗੱਲ ਵੇਖਣ ਨੂੰ ਮਿਲੀ ਕਿ ਸਨਮਾਨ ਚਿੰਨ੍ਹ ਦੇ ਨਾਲ ਨਾਲ ਆਏ ਹੋਏ ਮਹਿਮਾਨਾਂ ਨੂੰ ਇੱਕ ਇੱਕ ਛਾਂਦਾਰ ਬੂਟੇ ਦਿੱਤੇ ਗਏ।

## ਪਿੰਡ ਬਾਂਡੀ ਵਿਖੇ ਕੇ.ਵੀ.ਕੇ. ਵੱਲੋਂ ਨਰਮੇ ਵਿੱਚ ਸਰਵਪੱਖੀ ਕੀਟ ਅਤੇ ਰੋਗ ਪ੍ਰਬੰਧਨ' ਵਿਸ਼ੇ 'ਤੇ ਜਾਗਰੁਕਤਾ ਕੈਂਪ ਆਯੋਜਿਤ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 2 ਜੁਲਾਈ: ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੁਆਰਾ ਨਰਮੇਂ ਦੀ ਫ਼ਸਲ ਦੀ ਪੈਦਾਵਾਰ ਵਧਾਉਣ ਸੰਬੰਧੀ ਚਲਾਈ ਜਾ ਰਹੀ ਮੁਹਿੰਮ ਤਹਿਤ ਡਾਇਰੈਕਟਰ ਪਸਾਰ ਸਿੱਖਿਆ, ਡਾ. ਮੱਖਣ ਸਿੰਘ ਭੁੱਲਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਅਤੇ ਡਿਪਟੀ ਡਾਇਰੈਕਟਰ, ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਡਾ. ਗੁਰਦੀਪ ਸਿੰਘ ਸਿੱਧੂ ਦੀ ਰਹਿ ਨੁਮਾਈ ਅਧੀਨ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਵੱਲੋਂ ਜ਼ਿਲ੍ਹੇ ਦੇ ਪਿੰਡ ਬਾਂਡੀ ਵਿਖੇ ਨਰਮੇ ਵਿੱਚ ਸਰਵਪੱਖੀ ਕੀਟ ਅਤੇ ਰੋਗ ਪ੍ਰਬੰਧਨ' ਵਿਸ਼ੇ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ।




ਇਸ ਮੌਕੇ ਡਾ. ਗੁਰਮੀਤ ਸਿੰਘ ਢਿੱਲੋਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਹਰ ਰੋਜ ਆਪਣੇ ਖੇਤਾਂ ਦਾ ਸਰਵੇਖਣ ਕਰਨ ਅਤੇ ਕਿਸੇ ਵੀ ਸਮੱਸਿਆ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਜਾ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰਨ ਤੇ ਮਹਿਰਾਂ ਦੀ ਸਲਾਹ ਮੁਤਾਬਿਕ ਹੀ ਸਿਫਾਰਸ਼ ਜਹਿਰਾਂ ਦੀ ਵਰਤੋਂ ਕਰਨ।

ਸਹਾਇਕ ਪ੍ਰੋਫੈਸਰ (ਪੌਦ ਸੁਰੱਖਿਆ), ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਡਾ. ਵਿਨੈ ਸਿੰਘ, ਨੇ ਕਿਸਾਨਾਂ ਨੂੰ ਖੇਤ ਵਿੱਚ ਕੀੜਿਆਂ ਅਤੇ ਕੁਦਰਤੀ ਦੁਸ਼ਮਣਾਂ ਦੀ ਪਛਾਣ ਕਰਨ ਬਾਰੇ ਜਾਗਰੂਕ ਕੀਤਾ। ਇਸ ਮੌਕੇ ਉਨ੍ਹਾਂ ਦੁਆਰਾ ਫੋਟੋਆਂ ਅਤੇ ਫਲੈਸ਼ ਕਾਰਡਾਂ ਦੀ ਵਰਤੋਂ ਨਾਲ ਕੀੜੇ-ਮਕੌੜਿਆਂ ਦੇ ਹਮਲੇ ਅਤੇ ਬਿਮਾਰੀਆਂ ਦੇ ਲੱਛਣਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਕਿਸਾਨਾਂ ਨੂੰ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦੇ ਹਮਲੇ ਦਾ ਸਮੇਂ ਸਿਰ ਪਤਾ ਲਗਾਉਣ ਅਤੇ ਨਿਗਰਾਨੀ ਕਰਨ ਦੇ ਤਰੀਕੇ ਵੀ ਸਿਖਾਏ ਗਏ। ਇਸ ਤੋਂ ਇਲਾਵਾ, ਕਪਾਹ ਵਿੱਚ ਕੀਟ ਪ੍ਰਬੰਧਨ ਦੇ ਵਿਗਿਆਨਕ ਅਤੇ ਸਿਫ਼ਾਰਸ਼ ਕੀਤੇ ਤਰੀਕਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਸਹਾਇਕ ਪ੍ਰੋਫ਼ੈਸਰ (ਭੂਮੀ ਵਿਗਿਆਨ) ਡਾ. ਤੇਜਬੀਰ ਸਿੰਘ ਬੁੱਟਰ ਵੱਲੋਂ ਨਰਮੇ ਅਤੇ ਝੋਨੇ ਵਿੱਚ ਖਾਦਾਂ ਦੀ ਸੁਚੱਜੀ ਵਰਤੋਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਯੂਨੀਵਰਸਿਟੀ ਵੱਲੋਂ ਸ਼ਿਫਾਰਸ ਕੀਤੀ ਮਾਤਰਾ ਅਨੁਸਾਰ ਹੀ ਖਾਦਾਂ ਦੀ ਵਰਤੋਂ ਕਰਨ। ਇਸ ਤੋਂ ਇਲਾਵਾ ਉਨ੍ਹਾਂ ਵੱਲੋ ਯੂਨੀਵਰਸਿਟੀ ਵੱਲੋਂ ਸ਼ਿਫਾਰਸ ਕੀਤੀਆਂ ਘੱਟ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ।

ਅੰਤ ਵਿੱਚ ਪਿੰਡ ਦੇ ਕਿਸਾਨਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ। ਵਿਗਿਆਨੀਆਂ ਨੇ ਕਿਸਾਨਾਂ ਨੂੰ ਨਾਲ ਲੈ ਕੇ ਖੇਤਾਂ ਦਾ ਦੌਰਾ ਵੀ ਕੀਤਾ , ਜਿੱਥੇ ਉਨ੍ਹਾਂ ਨੂੰ ਨਰਮੇ ਦੇ ਕੀੜੇ-ਮਕੌੜਿਆਂ ਦੀ ਪਹਿਚਾਣ ਅਤੇ ਰੋਕਥਾਮ ਬਾਰੇ ਸਿਖਾਇਆ ਗਿਆ।

## ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਵਲੋਂ ਭਾਸ਼ਾ ਵਿਭਾਗ ਪੰਜਾਬ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਗਿਆ ਨਵੀਆਂ ਕਲਮਾਂ ਦਾ ਕਵਿਤਾ ਉਚਾਰਨ ਮੁਕਾਬਲਾ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ

ਚੰਡੀਗੜ੍ਹ,02 ਜੁਲਾਈ : ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸਾਂਝੇ ਯਤਨਾਂ ਸਦਕਾ ਕੀਤੇ ਜਾਣ ਵਾਲੇ ਮਹੀਨਾਵਾਰ ਪ੍ਰੋਗਰਾਮ ਵਿੱਚ ਇਸ ਵਾਰ ਜੂਨ ਦੇ ਮਹੀਨੇ ਪਿਤਾ ਦਿਵਸ ਨੂੰ ਸਮਰਪਿਤ ਨਵੀਆਂ ਕਲਮਾਂ ਦਾ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ। ਕਵਿਤਾ ਉਚਾਰਨ ਮੁਕਾਬਲੇ ਵਿੱਚ ਪੁੰਗਰਦੀਆਂ ਕਲਮਾਂ ਨੂੰ ਦੋ ਗਰੁੱਪਾਂ ਵਿੱਚ ਵੰਡਿਆ ਗਿਆ ਜਿਸ ਵਿੱਚ ਜੂਨੀਅਰ ਗਰੁੱਪ ਵਿੱਚ 12 ਸਾਲ ਦੀ ਉਮਰ ਤੱਕ ਅਤੇ 12 ਸਾਲ ਤੋਂ ਉੱਪਰ ਦੇ ਬੱਚੇ ਸੀਨੀਅਰ ਗਰੁੱਪ ਵਿੱਚ ਸ਼ਾਮਿਲ ਹੋਏ। ਇਹ ਪ੍ਰੋਗਰਾਮ 29 ਜੂਨ ਨੂੰ ਜ਼ੂਮ ਐਪ ਤੇ ਮਹਿਕਦੇ ਅਲਫ਼ਾਜ਼ ਦੀ ਸਰਪ੍ਰਸਤ ਡਾ. ਗੁਰਚਰਨ ਕੌਰ ਕੋਚਰ ਅਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਦੀ ਯੋਗ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ।ਜਿਸ ਵਿੱਚ ਦੁਨੀਆਂ ਭਰ ਵਿੱਚੋਂ ਨਾਮਵਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦੇ ਆਰੰਭ ਵਿੱਚ ਸੰਸਥਾਪਕ ਅਤੇ ਪ੍ਰਧਾਨ ਡਾਕਟਰ ਰਵਿੰਦਰ ਕੌਰ ਭਾਟੀਆ ਜੀ ਨੇ ਸਾਰਿਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਸਾਰੇ ਹੀ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਰੂਬਰੂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਜੱਜ ਸਾਹਿਬਾਨਾਂ ਨਾਲ ਕਰਵਾਇਆ । ਉਸ ਉਪਰੰਤ ਸਭਾ ਦੀ ਸਰਪ੍ਰਸਤ, ਨਾਮਵਰ ਗਜ਼ਲਗੋ ਡਾ. ਗੁਰਚਰਨ ਕੌਰ ਕੋਚਰ ਨੇ ਸਭ ਦਾ ਮੋਹ ਭਿੱਜੇ ਸ਼ਬਦਾਂ ਨਾਲ ਸਵਾਗਤ ਕੀਤਾ ਅਤੇ ਭਾਸ਼ਾ ਵਿਭਾਗ ਪੰਜਾਬ ਦਾ ਇਸ ਵਿਸ਼ੇਸ਼ ਸਹਿਯੋਗ ਲਈ ਧੰਨਵਾਦ ਕੀਤਾ । ਉਹਨਾਂ ਨੇ ਮਹਿਕਦੇ ਅਲਫ਼ਾਜ਼ ਸਾਹਿਤ ਸਭਾ ਦੀ ਸਮੁੱਚੀ ਪ੍ਰਬੰਧਕ ਕਮੇਟੀ ਨੂੰ ਇਸ ਸਲਾਘਾਯੋਗ ਉਪਰਾਲੇ ਲਈ ਵਧਾਈ ਦਿੱਤੀ। ਇਸ ਵਿੱਚ ਸ਼ਾਮਿਲ ਨਵੀਆਂ ਕਲਮਾਂ ਨੂੰ ਮਾਂ ਬੋਲੀ ਅਤੇ ਸਾਹਿਤ ਦੇ ਸੇਵਾਦਾਰ ਦੱਸਦੇ ਹੋਏ , ਉਹਨਾਂ ਦੇ ਮਾਪਿਆਂ ਦਾ ਇਸ ਵਿਸ਼ੇਸ਼ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੁਕਾਬਲੇ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਸ.ਦਲਬੀਰ ਸਿੰਘ ਕਥੂਰੀਆ (ਸੰਸਥਾਪਕ ਵਿਸ਼ਵ ਪੰਜਾਬੀ ਸਭਾ, ਕੈਨੇਡਾ) , ਸ. ਦਲਬੀਰ ਸਿੰਘ ਰਿਆੜ (ਪ੍ਰਧਾਨ ਪੰਜਾਬੀ ਲੇਖਕ ਸਭਾ ਜਲੰਧਰ) ਅਤੇ ਨਾਮਵਰ ਗਜ਼ਲਗੋ, ਸ. ਅਮਰਜੀਤ ਸਿੰਘ ਜੀਤ ਨੇ। ਪ੍ਰੋਗਰਾਮ ਦਾ ਆਗਾਜ਼ ਮਹਿਕਦੇ ਅ਼ਲਫਾਜ਼ ਸਹਿਤ ਸਭਾ ਦੀ ਮੁੱਖ ਸਲਾਹਕਾਹ ਅਤੇ ਨਾਮਵਰ ਸਾਹਿਤਕਾਰਾ ਮੀਤਾ ਖੰਨਾ ਨੇ ਆਪਣੀ ਮਿੱਠੀ ਆਵਾਜ਼ ਵਿੱਚ ਸ਼ਬਦ ਸੁਣਾ ਕੇ ਕੀਤਾ । ਸਭਾ ਦੀ ਮੀਤ ਪ੍ਰਧਾਨ ਅੰਜੂ ਅਮਨਦੀਪ ਗਰੋਵਰ ਨੇ ਬਹੁਤ ਹੀ ਮਿਲਾਪੜੀ, ਪਿਆਰੀ ਸਾਹਿਤਕਾਰਾ, ਸਮਾਜ ਸੇਵਿਕਾ ਅਤੇ ਦੇਸੀ ਗੂੰਜ ਚੈਨਲ ਦੀ ( ਜੋ ਕਿ ਪਿਛਲੇ ਦਿਨੀ ਸਦੀਵੀ ਵਿਛੋੜਾ ਦੇ ਗਏ ਸਨ) ਕੰਵਲ ਸੱਚਦੇਵਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਸਾਰੇ ਹਾਜ਼ਰੀਨ ਮੈਂਬਰਾਂ ਨੇ ਇੱਕ ਮਿੰਟ ਅੱਖਾਂ ਬੰਦ ਕਰਕੇ ਕੰਵਲ ਸੱਚਦੇਵਾ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਵਿਛੜੀ ਰੂਹ ਨੂੰ ਆਪਣੀ ਸ਼ਰਧਾਂਜਲੀ ਦਿੱਤੀ । ਇਸ ਮੁਕਾਬਲੇ ਵਿੱਚ ਜੱਜਾਂ ਦੀ ਭੂਮਿਕਾ ਨਿਭਾਈ ਸਰਪ੍ਰਸਤ ਡਾ.ਗੁਰਚਰਨ ਕੌਰ ਕੋਚਰ, ਹਰਮੀਤ ਕੌਰ ਮੀਤ ਅਤੇ ਅਮਰਜੀਤ ਸਿੰਘ ਜੀਤ ਨੇ। ਕਵਿਤਾ ਉਚਾਰਨ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਬੱਚੇ–ਜੂਨੀਅਰ ਗਰੁੱਪ ਸਰਗੁਨ ਦੀਪ ਸਿੰਘ, ਪਲਕਪ੍ਰੀਤ ਕੌਰ ,ਏਕਮ ਕੌਰ, ਸਚਿੰਦਰ ਕੌਰ, ਅਵਨੂਰ ਕੌਰ, ਅਜੂੰਨੀ ਸਿੰਘ, ਸਮਰ ਸਿੰਘ, ਅਨਹਦ ਪ੍ਰਤਾਪ ਸਿੰਘ, ਰਮਨਪ੍ਰੀਤ ਸਿੰਘ। *ਸੀਨੀਅਰ ਗਰੁੱਪ- ਇਵਨੀਤ ਕੌਰ, ਰਾਜਵੀਰ ਸਿੰਘ, ਜਸਜੋਤ ਸਿੰਘ, ਗੁਰਸਿਮਰ ਸਿੰਘ, ਅਰਸ਼ੈਨ ਬੀਰ ਸਿੰਘ, ਅੰਮ੍ਰਿਤਪਾਲ ਸਿੰਘ, ਨਵਨੀਤ ਕੌਰ, ਤਰੀਜੋਤ ਸਿੰਘ, ਪਰਮੀਤ ਕੌਰ, ਮਨਦੀਪ ਕੌਰ, ਤਾਜੀਮਨੂਰ ਕੌਰ, ਜਗਦੀਪ ਸਿੰਘ ਸਨ । ਸਾਰੀਆਂ ਹੀ ਨਵੀਆਂ ਕਲਮਾਂ ਵੱਲੋਂ ਪਿਤਾ ਦਿਵਸ ਨੂੰ ਸਮਰਪਿਤ ਬਹੁਤ ਵਧੀਆ ਰਚਨਾਵਾਂ ਦਾ ਉਚਾਰਨ ਕੀਤਾ ਗਿਆ। ਸਾਰੇ ਹੀ ਜੱਜ ਸਾਹਿਬਾਨਾਂ ਨੇ ਦੱਸਿਆ ਕਿ ਉਹਨਾਂ ਲਈ ਨਤੀਜਾ ਕੱਢਣਾ ਬਹੁਤ ਔਖਾ ਹੋ ਗਿਆ ਹੈ ਕਿਉਂਕਿ ਹਰ ਬੱਚੇ ਨੇ ਬਹੁਤ ਵਧੀਆ ਰਚਨਾ ਨਾਲ ਹਾਜ਼ਰੀ ਲਗਾਈ ਹੈ। ਇਸ ਕਵਿਤਾ ਉਚਾਰਨ ਮੁਕਾਬਲੇ ਵਿੱਚ ਜੇਤੂ ਰਹੀਆਂ ਨਵੀਆਂ ਕਲਮਾਂ- ਜੂਨੀਅਰ ਗਰੁੱਪ-ਜਸਜੋਤ ਸਿੰਘ- ਪਹਿਲਾ ਦਰਜ਼ਾ, ਅਜੂੰਨੀ ਸਿੰਘ- ਦੂਜਾ ਦਰਜ਼ਾ, ਏਕਮ ਕੌਰ- ਤੀਜਾ ਦਰਜ਼ਾ, ਪਲਕਪ੍ਰੀਤ ਕੌਰ- ਤੀਜਾ ਦਰਜ਼ਾ




*ਸੀਨੀਅਰ ਗਰੁੱਪ-ਤਾਜੀਮਨੂਰ ਕੌਰ- ਪਹਿਲਾ ਦਰਜ਼ਾ, ਰਾਜਵੀਰ ਸਿੰਘ- ਦੂਜਾ ਦਰਜ਼ਾ, ਗੁਰਸਿਮਰ ਕੌਰ- ਦੂਜਾ ਦਰਜ਼ਾ, ਅਰਸ਼ੈਨ ਬੀਰ ਸਿੰਘ -ਤੀਜਾ ਦਰਜ਼ਾ, ਇਵਨੀਤ ਕੌਰ -ਤੀਜਾ ਦਰਜ਼ਾ। ਜੇਤੂ ਬੱਚਿਆਂ ਨੂੰ ਪ੍ਰੋਗਰਾਮ ਦੇ ਅੰਤ ਵਿੱਚ ਸਰਟੀਫਿਕੇਟ ਦੇ ਕੇ ਸਨਮਾਨਿਆ ਗਿਆ । ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਡਾ. ਦਲਬੀਰ ਸਿੰਘ ਕਥੂਰੀਆ, ਹਰਮੀਤ ਕੌਰ ਮੀਤ, ਦਲਬੀਰ ਸਿੰਘ ਰਿਆੜ ਅਤੇ ਅਮਰਜੀਤ ਸਿੰਘ ਜੀਤ ਨੇ ਸਮੁੱਚੀ ਮਹਿਕਦੇ ਅ਼ਲਫਾਜ਼ ਸਾਹਿਤਕ ਸਭਾ ਦੀ ਪ੍ਰਬੰਧਕੀ ਟੀਮ ਅਤੇ ਸੰਸਥਾਪਕ ਡਾ. ਰਵਿੰਦਰ ਕੌਰ ਭਾਟੀਆ ਨੂੰ ਇਸ ਸ਼ਲਾਘਾਯੋਗ ਉਪਰਾਲੇ ਲਈ ਵਧਾਈ ਦਿੱਤੀ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਨਾਮਵਰ ਸ਼ਾਇਰਾ ਰਾਜਬੀਰ ਕੌਰ ਗਰੇਵਾਲ ਨੇ ਬਹੁਤ ਸੁਚੱਜੇ ਢੰਗ ਨਾਲ ਕੀਤਾ ਅਤੇ ਸਭ ਤੋਂ ਵਾਹ ਵਾਹ ਖੱਟੀ । ਪ੍ਰੋਗਰਾਮ ਦੇ ਅੰਤ ਵਿਚ ਸਭਾ ਦੀ ਸੰਸਥਾਪਕ ਅਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਨੇ ਦੇਸ਼ ਵਿਦੇਸ਼ ਤੋਂ ਸ਼ਾਮਿਲ ਨਵੀਆਂ ਕਲਮਾਂ, ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ ਅਤੇ ਵਾਅਦਾ ਕੀਤਾ ਕਿ ਮਹਿਕਦੇ ਅਲਫ਼ਾਜ਼ ਸਾਹਿਬ ਸਭਾ ਵੱਲੋਂ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਉਲੀਕੇ ਜਾਣਗੇ ਤਾਂ ਕਿ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਪੰਜਾਬੀ ਮਾਂ ਬੋਲੀ, ਸਾਹਿਤ ਅਤੇ ਸੱਭਿਆਚਾਰ ਦੀ ਸੇਵਾ ਵਿੱਚ ਮਹਿਕਦੇ ਅਲਫ਼ਾਜ਼ ਸਾਹਿਬ ਸਭਾ ਕੁਝ ਹਿੱਸਾ ਪਾ ਸਕੇ।

## ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਸਾਹਿਤ ਜਗਤ ਵਿੱਚ ਇਤਿਹਾਸਕ ਮੀਲ ਪੱਥਰ —-ਸਤਿੰਦਰ ਕੌਰ ਕਾਹਲੋਂ

### ਸ਼੍ਰੀ ਸੁੱਖੀ ਬਾਠ ਵੱਲੋਂ ਸਕੂਲੀ ਬੱਚਿਆਂ ਨੂੰ ਸਾਹਿਤ ਨਾਲ ਜੋੜਨ ਦਾ ਸ਼ਲਾਘਾਯੋਗ ਤੇ ਪ੍ਰੇਰਨਾਦਾਇਕ ਉਪਰਾਲਾ —-ਪ੍ਰਿੰਸੀਪਲ ਪਰਮਜੀਤ ਕੌਰ

ਵਰਲਡ ਪੰਜਾਬੀ ਟਾਈਮਜ਼


ਮਸਤੂਆਣਾ ਸਾਹਿਬ ,02 ਜੁਲਾਈ : ਪੰਜਾਬ ਭਵਨ ਸਰੀ ਕਨੇਡਾ ਦੇ ਸੰਸਥਾਪਕ ਸ਼੍ਰੀ ਸੁੱਖੀ ਬਾਠ ਜੀ ਦੇ ਵੱਡਮੁੱਲੇ ਯਤਨਾਂ ਸਦਕਾ ਬੱਚਿਆਂ ਨੂੰ ਪੰਜਾਬੀ ਸਾਹਿਤ ਨਾਲ ਜੋੜਨ ਲਈ "ਨਵੀਆ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਤਹਿਤ ਹੋਣ ਜਾ ਰਹੀ ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਜੋ ਮਸਤੂਆਣਾ ਸਾਹਿਬ ਵਿਖੇ 16 ਤੇ 17 ਨਵੰਬਰ,2024 ਨੂੰ ਹੋਣ ਜਾ ਰਹੀ ਹੈ। ਅੱਜ ਇਸ ਦਾ ਪ੍ਰਾਸਪੈਕਟਸ ਸਰਕਾਰੀ ਸੀਨੀਅਰ ਸਕੈਡੰਰੀ ਸਮਾਰਟ ਸਕੂਲ ਧੁੱਪਸੜੀ ਬਟਾਲਾ ਵਿਖੇ ਪ੍ਰਿੰਸੀਪਲ ਕਮ ਬਲਾਕ ਨੋਡਲ ਅਫ਼ਸਰ ਪਰਮਜੀਤ ਕੋਰ ,ਸਤਿੰਦਰ ਕਾਹਲੋਂ ਸਟੇਟ ਅਵਾਰਡੀ ,ਲੈਕਚਰਾਰ ਵਰਗਿਸ ਸਲਾਮਤ ਮੈਂਬਰ ਪ੍ਰਬੰਧਕੀ ਬੋਰਡ ਪੰਜਾਬੀ ਸਾਹਿਤ ਅਕਾਦਮੀ ,ਲੈਕਚਰਾਰ ਬਲਰਾਜ ਸਿੰਘ ,ਲੈਕਚਰਾਰ ਜਤਿੰਦਰ ਸਿੰਘ,ਲੈਕਚਰਾਰ ਕੰਸ ਰਾਜ ,ਲੈਕਚਰਾਰ ਪਵਨ ਕੁਮਾਰ ,ਲੈਕਚਰਾਰ ਨਰਿੰਦਰ ਪਾਲ ,ਲੈਕਚਰਾਰ ਗਗਨਦੀਪ ਸਿੰਘ ਵੱਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ। ਇਸ ਮੌਕੇ ਸਤਿੰਦਰ ਕੌਰ ਕਾਹਲੋਂ ਨੇ ਕਾਨਫਰੰਸ ਦੇ ਬਾਰੇ ਵਿਸਥਾਰ ਸਹਿਤ ਦੱਸਦਿਆਂ ਕਿਹਾ ਕਿ ਇਹ ਸਾਹਿਤ ਜਗਤ ਵਿੱਚ ਪਹਿਲੀ ਬਾਲ ਲੇਖਕ ਕਾਨਫਰੰਸ ਹੈ ,ਜਿਸ ਪੰਜਾਬ ਦੇ ਵੱਖ ਵੱਖ ਪ੍ਰਾਂਤਾਂ ਤੋਂ ਇਲਾਵਾ ਲਹਿੰਦੇ ਪੰਜਾਬ ਦੇ ਬੱਚੇ ਵੀ ਸ਼ਾਮਿਲ ਹੋਣਗੇ। ਗੁਰਦਾਸਪੁਰ ਜ਼ਿਲ੍ਹੇ ਦੀ ਪਹਿਲੀ ਕਿਤਾਬ ਲੋਕ ਅਰਪਣ ਹੋ ਚੁੱਕੀ ਹੈ ਤੇ ਦੂਸਰੀ ਦੀ ਤਿਆਰੀ ਪੂਰੇ ਜ਼ੋਰਾਂ ਤੇ ਹੈ। ਵੱਖ ਵੱਖ ਸਕੂਲਾਂ ਵਿੱਚ ਬਾਲ ਲੇਖਕ ਵਰਕਸ਼ਾਪ ਲਗਾ ਕੇ ਬੱਚਿਆਂ ਨੂੰ ਸਾਹਿਤ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।



ਪ੍ਰਿੰਸੀਪਲ ਪਰਮਜੀਤ ਕੌਰ ਨੇ ਕਿਹਾ ਕਿ ਬੱਚਿਆਂ ਅੰਦਰ ਬਹੁਤ ਪ੍ਰਤਿਭਾ ਛੁਪੀ ਹੁੰਦੀ ਬਸ ਉਹਨਾਂ ਨੂੰ ਗਾਇਡ ਕਰਨ ਦੀ ਲੋੜ ਹੁੰਦੀ ਹੈ। ਉਹਨਾਂ ਕਿਹਾ ਕਿ ਸੁੱਖੀ ਬਾਠ ਜੀ ਇੱਕ ਮਹਾਨ ਸਖਸ਼ੀਅਤ ਹਨ ਤੇ ਉਹਨਾਂ ਦੇ ਇਸ ਕਾਰਜ ਦੀ ਜਿੰਨੀ ਵੀ ਸਲਾਹੁਣਾ ਕੀਤੀ ਜਾਵੇ ਘੱਟ ਹੈ। ਅਸੀ ਇਸ ਕੰਮ ਵਿੱਚ ਉਹਨਾਂ ਦੀ ਟੀਮ ਦੇ ਨਾਲ ਹਾਂ। ਅਸੀਂ ਅੱਜ ਕਾਨਫਰੰਸ ਦੇ ਪ੍ਰਾਸਪੈਕਟਸ ਰੀਲੀਜ਼ ਕਰਦਿਆਂ ਬਹੁਤ ਮਾਣ ਮਹਿਸੂਸ ਕਰ ਰਹੇ ਹਾਂ। ਇਹ ਕਾਨਫਰੰਸ ਆਪਣੇ ਆਪ ਵਿੱਚ ਮੀਲ ਪੱਥਰ ਸਾਬਿਤ ਕਰੇਗੀ। ਇਸ ਮੌਕੇ ਸਮੂਹ ਸਕੂਲ ਸਟਾਫ਼ ਹਾਜ਼ਿਰ ਸੀ।

## ਕਲਮਾਂ ਦਾ ਕਾਫ਼ਲਾ ਸਾਹਿਤਕ ਮੰਚ ਵੱਲੋਂ ਮਹੀਨਾਵਾਰ ਆਨ ਲਾਈਨ ਕਵੀ ਦਰਬਾਰ ਕਰਵਾਇਆ ਗਿਆ।

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ



ਅੰਤਰ ਰਾਸ਼ਟਰੀ ਫੇਸਬੁੱਕ ਮੰਚ ਕਲਮਾਂ ਦਾ ਕਾਫ਼ਲਾ ਦੇ ਪ੍ਰਬੰਧਕ ਮੈਡਮ ਗੁਰਜੀਤ ਕੌਰ ਅਜਨਾਲਾ ਜੀ ਦੇ ਸਹਿਯੋਗ ਨਾਲ਼ ਮਹੀਨੇ ਦੇ ਹਰ ਪਹਿਲੇ ਸੋਮਵਾਰ ਨੂੰ ਹੋਣ ਵਾਲ਼ਾ ਮਹੀਨੇਵਾਰ ਆਨ ਲਾਈਨ ਕਵੀ ਦਰਬਾਰ ਕਰਵਾਇਆ ਗਿਆ ਜਿਸ ਦਾ ਸੰਚਾਲਨ ਸ ਰਣਬੀਰ ਸਿੰਘ ਪ੍ਰਿੰਸ ਆਫ਼ਿਸਰ ਕਾਲੋਨੀ ਸੰਗਰੂਰ ਜੀ ਦੁਆਰਾ ਕੀਤਾ ਗਿਆ ਅਤੇ ਇਸ ਵਿੱਚ ਕਵੀ ਸਾਹਿਬਾਨਾਂ ਨੇ ਭਾਗ ਲਿਆ। ਜਿਵੇਂ ਸ੍ਰ ਸੁਖਦੇਵ ਸਿੰਘ ਗੰਢਵਾਂ , ਮਾ ਨਾਹਰ ਸਿੰਘ, ਸਤਨਾਮ ਸਿੰਘ ਅਬੋਹਰ,ਡਾ ਟਿੱਕਾ ਜੇ ਐਸ ਸਿੱਧੂ, ਮਹਿੰਦਰ ਸੂਦ ਵਿਰਕ,ਸ ਰਣਜੀਤ ਸਿੰਘ ਫ਼ਤਹਿਗੜ੍ਹ ਸਾਹਿਬ,ਜੱਸੀ ਧਰੌੜ ਸਾਹਨੇਵਾਲ, ਗੁਲਸ਼ਨਬੀਰ ਗੁਰਾਇਆ, ਮਲਕੀਤ ਸਿੰਘ ਵਰਪਾਲ, ਜਸਵਿੰਦਰ ਸਿੰਘ,ਕਲਮ ਗਹੂੰਣ,ਮੈਡਮ ਪੋਲੀ ਬਰਾੜ ਯੂ .ਐੱਸ ਏ ,ਅਮਰਜੀਤ ਕੌਰ ਮੋਰਿੰਡਾ ,ਪ੍ਰਵੀਨ ਕੌਰ ਸਿੱਧੂ, ਮੈਡਮ ਕਰਮਜੀਤ ਕੌਰ ਮਲੋਟ, ਮੈਡਮ ਅਮਿਣੇਸ਼ਵਰ ਕੌਰ ਨੇ ਆਪਣੀਆਂ ਰਚਨਾਵਾਂ ਰਾਹੀਂ ਮਹਿਫ਼ਲ ਨੂੰ ਚਾਰ ਚੰਨ ਲਗਾਏ। ਅੰਤ ਵਿੱਚ ਮੈਡਮ ਗੁਰਜੀਤ ਕੌਰ ਅਜਨਾਲਾ ਜੀ ਅਤੇ ਰਣਬੀਰ ਸਿੰਘ ਪ੍ਰਿੰਸ ਆਫ਼ਿਸਰ ਕਾਲੋਨੀ ਸੰਗਰੂਰ ਤੇ ਮੰਚ ਕਲਮਾਂ ਦਾ ਕਾਫ਼ਲਾ ਵੱਲੋਂ ਸਾਰੇ ਭਾਗ ਲੈਣ ਵਾਲੇ ਕਵੀ ਸਾਹਿਬਾਨਾਂ ਦਾ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।

## ਵਸਦਾ ਰਹੁ ਅਜਾਦ ਕੈਨੇਡਾ

ਪੰਦਰਾਂ ਕੁ ਸਾਲ ਪਹਿਲਾਂ ਮੈਂ ਪਹਿਲੀ ਜੁਲਾਈ ਨੂੰ ਕੈਨੇਡਾ ਵਿੱਚ ਸੀ। ਉਸ ਦਿਨ ਪਹਿਲੀ ਜੁਲਾਈ ਸੀ "ਕੈਨੇਡਾ ਦਿਵਸ " ਵਾਲੀ। ਪਿਆਰਾ ਵੀਰ ਸੁੱਖ ਧਾਲੀਵਾਲ ਤੇ ਬਾਕੀ ਮੇਰਾ ਲੇਖਕ ਮਿੱਤਰ ਦਾਇਰਾ ਕਹਿਣ ਲੱਗਾ ਕਿ ਇਸ ਸ਼ੁਭ ਦਿਹਾੜੇ ਤੇ ਤੂੰ ਵੀ ਕੁਝ ਲਿਖ। ਮੈਂ ਇਹ ਗੀਤ ਨੁਮਾ ਕਵਿਤਾ ਲਿਖੀ ਤੇ ਸੰਚਾਰ ਮਾਧਿਅਮਾਂ ਨਾਲ ਸਾਂਝੀ ਕੀਤੀ। ਕੈਨੇਡਾ ਵੱਸਦੇ ਜੀਆਂ ਨੂੰ ਮੁਬਾਰਕਾਂ ਸਹਿਤ ਮੁੜ ਅਰਪਿਤ ਕਰਦਾ ਹਾਂ

ਵੱਸਦਾ ਰਹੁ ਆਜ਼ਾਦ ਕੈਨੇਡਾ

ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ, ਵੱਸਦਾ ਰਹੁ ਆਜ਼ਾਦ ਕੈਨੇਡਾ।
ਵੰਨ ਸੁਵੰਨੇ ਧੀਆਂ ਪੁੱਤਰ,
ਰੱਖੀਂ ਸਦਾ ਆਬਾਦ ਕੈਨੇਡਾ।
ਤੇਰੇ ਮੈਪਲ ਹੇਠਾਂ ਬੈਠੇ,
ਸਾਡੇ ਬੋਹੜਾਂ ਵਰਗੇ ਬਾਬੇ ।
ਕਹਿੰਦੇ ਕਦੇ ਉਲਾਰ ਨਾ ਹੋਵਣ
ਤੇਰੇ ਘਰ ਇਨਸਾਫ਼ ਦੇ ਛਾਬੇ।
ਤੇਰੇ ਜਲ ਵਿਚ ਸਾਡੀ ਮਿਸ਼ਰੀ,
ਸ਼ਰਬਤ ਬੜਾ ਸੁਆਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...



ਜਿਸ ਧਰਤੀ ਤੇ ਆਦਰ ਹੋਵੇ,
ਕਦੇ ਬੇਗਾਨਾ ਦੇਸ਼ ਨਹੀਂ ਹੁੰਦਾ।
ਮਨ ਦਾ ਮੋਰ ਜੇ ਪੈਲਾਂ ਪਾਵੇ,
ਕੋਈ ਵੀ ਥਾਂ ਪ੍ਰਦੇਸ ਨਹੀਂ ਹੁੰਦਾ।
ਤੇਰੀ ਵੰਨਸੁਵੰਨਤਾ ਵਾਲਾ,
ਗੂੰਜੇ ਅਨਹਦ ਨਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...
ਤੇਰੇ ਘਰ ਵਿਚ ਵੇਖੀਂ ਕਿਧਰੇ,
ਲੁੱਟੇ ਨਾ ਕੋਈ ਕਿਰਤ ਕਮਾਈ।
ਕੰਮੀਂ ਕਾਰੀਂ ਰੁੱਝੇ ਗੱਭਰੂ,
ਮੁਟਿਆਰਾਂ ਤੇ ਮਾਈ ਭਾਈ।
ਕੁੱਲ ਦੁਨੀਆਂ ਦੇ ਪੁੱਤਰ ਤੇਰੀ
ਸ਼ਕਤੀ ਬਣੇ ਫ਼ੌਲਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਰਹਿਣ ਸਲਾਮਤ ਤੇਰੇ ਵਿਹੜੇ,
ਸੂਹੇ ਸੁਪਨੇ ਤੇ ਫੁੱਲ ਪੱਤੀਆਂ।
ਜੀਵਣ ਜਾਗਣ ਠੰਢੀਆਂ ਛਾਵਾਂ,
ਵਗਣ ਹਵਾਵਾਂ ਮਹਿਕਾਂ ਮੱਤੀਆਂ।
ਮਾਂ ਬੋਲੀ ਨੂੰ ਭੁੱਲ ਕੇ ਮਾਪੇ,
ਗੁਆ ਨਾ ਬਹਿਣ ਔਲਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...

ਜੇ ਪੁੱਤਰਾਂ ਦਾ ਮੋਹ ਟੁੱਟ ਜਾਵੇ,
ਉਹ ਧਰਤੀ ਫਿਰ ਮਾਂ ਨਹੀਂ ਰਹਿੰਦੀ।
ਪੁੱਤਰ-ਪੱਤਰ ਜੇ ਝੜ ਜਾਵਣ,
ਰੁੱਖਾਂ ਪੱਲੇ ਛਾਂ ਨਹੀਂ ਰਹਿੰਦੀ।
ਸਾਡੇ ਵੀਰਾਂ ਨੂੰ ਸਮਝਾਵੀਂ,
ਫਿਰ ਤੇਰਾ ਧੰਨਵਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...

ਰੇਸ਼ਮ ਦੇ ਧਾਗੇ ਜਹੇ ਬੱਚੜੇ,
ਸਾਂਝੇ ਸੁਪਨਿਆਂ ਦੀ ਫੁਲਕਾਰੀ।
ਮੇਰੇ ਪਿੰਡ ਦੇ ਧੀਆਂ ਪੁੱਤਰਾਂ,
ਤੇਰੀ ਸੋਹਣੀ ਧਰਤ ਸ਼ਿੰਗਾਰੀ।
ਬਿਰਧ ਸਰੀਰਾਂ ਦਾ ਹੱਥ ਸਿਰ 'ਤੇ,
ਰੱਖੀਂ ਦਿਲ ਵਿਚ ਯਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...

ਸਾਂਝੀ ਰੱਤ ਦੇ ਕਾਰਨ ਦਮਕੇ,
ਤੇਰੇ ਝੰਡੇ ਵਿਚ ਜੋ ਲਾਲੀ।
ਵਿਸ਼ਵ ਅਮਨ ਦੇ ਚਿੱਟੇ ਰੰਗ ਨੇ,
ਤੇਰੀ ਅਜ਼ਮਤ ਸਦਾ ਸੰਭਾਲੀ।
ਬੁਰਿਆਂ ਨਾਲ ਯਾਰਾਨੇ ਪਾ ਕੇ,
ਹੋ ਜਾਏਂਗਾ ਬਰਬਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ, ਵੱਸਦਾ ਰਹੁ ਆਜ਼ਾਦ ਕੈਨੇਡਾ।

## ਜ਼ਿੰਮੇਵਾਰੀਆਂ




ਸਿਰ ਉੱਤੇ ਪੈਣ ਜਦੋਂ ਜ਼ਿੰਮੇਵਾਰੀਆਂ।

ਪੈਰ-ਪੈਰ ਉੱਤੇ ਆਉਣ ਦੁਸ਼ਵਾਰੀਆਂ।

ਹੌਸਲੇ ਦੇ ਨਾਲ ਹੋਣ ਹੱਲ ਮਸਲੇ।

ਹਿੰਮਤਾਂ ਦੇ ਨਾਲ ਘਟ ਜਾਣ ਫ਼ਾਸਲੇ।

ਔਂਕੜਾਂ ਨੂੰ ਵੇਖ ਕਦੇ ਨਹੀਂਓਂ ਡਰਨਾ।

ਹੱਥ ਉੱਤੇ ਹੱਥ ਰੱਖ ਨਹੀਂਓਂ ਸਰਨਾ।

ਐਸੇ ਮੌਕਿਆਂ ਤੇ ਕੰਮ ਆਉਣ ਯਾਰੀਆਂ।

ਹੌਲੀਆਂ ਹੋ ਜਾਣ ਦਿੱਕਤਾਂ ਜੋ ਭਾਰੀਆਂ।

ਲੱਕ ਬੰਨ੍ਹ ਮੂਹਰੇ ਲਾ ਲੈਣਾ ਹੈ ਕੰਮ ਨੂੰ।

ਮਿੱਟੀ ਘੱਟੇ ਵਿੱਚ ਝੋਕ ਦੇਣਾ ਤਨ ਨੂੰ।

ਜਾਨ ਹੂਲ ਕੇ ਹੀ ਪੈਂਦੀ ਥਾਂਇੰ ਘਾਲ ਜੀ।

ਜ਼ਿੰਦਗੀ ਮਿਲਾਵੇ ਤਾਲ ਨਾਲ ਤਾਲ ਜੀ।

ਜ਼ਿੰਮੇਵਾਰੀਆਂ ਨੂੰ ਸਮਝੋ ਨਾ ਭਾਰ ਹੈ।

ਇਹਦੇ ਨਾਲ ਬੰਦਾ ਬਣੇ ਜ਼ਿੰਮੇਵਾਰ ਹੈ।

ਹੌਸਲੇ 'ਚ ਹਨ ਸਾਰੇ ਨਰ-ਨਾਰੀਆਂ।

ਪਾਰ ਹੁੰਦੇ ਜਿਨ੍ਹਾਂ ਹਿੰਮਤਾਂ ਨਾ ਹਾਰੀਆਂ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## ਗੁਜ਼ਾਰਿਸ਼ ਹੇ ਰੱਬਾ !




ਗੁਜ਼ਾਰਿਸ਼ ਹੈ ਇਕ
ਕਦੀ ਵੀ ਕਿਸੇ ਨੂੰ
ਅੱਧੇ ਅਧੂਰੇ ਰਿਸ਼ਤੇ ਨਾ ਦਈਂ
ਬਹੁਤ ਦੁੱਖ ਦਿੰਦੇ ਨੇ
ਇਹ ਅੱਧੇ ਅਧੂਰੇ ਰਿਸ਼ਤੇ
ਇਨਸਾਨ ਨਾ ਜਿਊਂਦਿਆਂ ਵਿੱਚ
ਤੇ ਨਾਹੀ ਮਰਿਆਂ ਵਿਚ ਹੁੰਦਾ ਹੈ
ਜ਼ਬਰਦਸਤੀ ਦਾ ਹੱਸਣਾ
ਖਾਣਾ , ਪੀਣਾ , ਰੋਣਾ
ਤੇ ਮੁਸਕਰਾਉਣਾ ਪੈਂਦਾ ਹੈ
ਨਾ ਚਾਹੁੰਦੇ ਹੋਏ ਵੀ
ਜਿਊਣਾ ਪੈਂਦਾ ਹੈ
ਇਨਸਾਨ ਤੇ ਪੱਥਰ
ਦਾ ਹੋ ਗਿਆ ਹੈ
ਜਿਸਦੇ ਸੀਨੇ ਵਿਚ
ਦਿਲ ਨਹੀਂ ਧੜਕਦਾ
ਹੇ ਰੱਬਾ ! ਮੰਨਿਆਂ ਕਿ
ਬਹੁਤ ਮਜ਼ਬੂਤ ਹਾਂ ਮੈਂ
ਪਰ ਪੱਥਰ ਤੇ ਨਹੀਂ ਹਾਂ
ਮੇਰੇ ਸੀਨੇ ਵਿਚ ਮਾਸੂਮ
ਬੱਚੇ ਜਿਹਾ ਦਿਲ ਧੜਕਦਾ ਹੈ
ਜੋ ਛੋਟੀ ਜਿਹੀ ਠੋਕਰ ਨਾਲ
ਕਰਾਹ ਉੱਠਦਾ ਹੈ
ਇਸੇ ਲਈ ਕਹਿੰਦੀ ਹਾਂ
ਹੇ ਰੱਬਾ !
ਗੁਜ਼ਾਰਿਸ਼ ਹੈ
ਕਦੀ ਵੀ ਕਿਸੇ ਨੂੰ
ਅੱਧੇ ਅਧੂਰੇ ਰਿਸ਼ਤੇ ਨਾ ਦਈਂ ।
ਬਹੁਤ ਦੁੱਖ ਦਿੰਦੇ ਨੇ
ਇਹ ਅੱਧੇ ਅਧੂਰੇ ਰਿਸ਼ਤੇ ।

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

## ਗਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ ਬਾਲਮ ਗੁਰਦਾਸਪੁਰ

ਸਾਰੇ ਫ਼ਰਜ਼ ਅਦਾ ਕੀਤੇ ਨੇ ਰੱਜ-ਰੱਜ ਮੌਜ ਮਨਾਈ।

ਛਾਵਾਂ ਨੂੰ ਗਲ੍ਹਵਕੜੀ ਲੈ ਕੇ ਹਰ ਇਕ ਧੁੱਪ ਹੰਢਾਈ।

ਫਿਰ ਵੀ ਆਪਾਂ ਦੁਨੀਆਂ ਵਾਲੇ ਸਾਰੇ ਰਾਗ ਵਜਾਏ,

ਬੇਸ਼ਕ ਸਾਡੇ ਹਿੱਸੇ ਆਈ ਟੁੱਟੀ ਹੋਈ ਸ਼ਹਿਨਾਈ।

ਉਡਦੇ ਪੰਛੀ ਅੰਬਰ ਵਿਚੋਂ ਤੜਪ-ਤੜਪ ਕੇ ਡਿੱਗੇ,

ਤੀਰ ਕਮਾਨੋਂ ਖਿੱਚਣ ਵਾਗੂੰ ਉਸ ਨੇ ਲਈ ਅੰਗੜਾਈ।

ਯਾਦ ਪੁਰਾਣੀ ਹੌਲੀ ਹੌਲੀ ਦਿਲ ਵਿਚ ਏਦਾਂ ਉਤਰੀ,

ਤੜਕ ਸਵੇਰੇ ਵਾਲੀ ਲੋਅ ਨੇ ਜਿਉਂ ਸ਼ਬਨਮ ਤੜਪਾਈ,

ਯਾਦ ਤਿਰੀ ਦੀ ਖ਼ੁਸ਼ਬੂ ਲੈ ਕੇ ਕਲੀਆਂ ਪੁੰਗਰ ਪਈਆਂ,

ਜਦ ਵੀ ਪਹਿਲੀ ਕਿਰਣ ਸਵੇਰੇ ਸੂਰਜ ਚੋਂ ਰੁਸ਼ਨਾਈ।

ਉਸ ਤੋਂ ਪੁੱਛੋ ਜੰਨਤ ਦੀ ਪਰਿਭਾਸ਼ਾ ਕਿਸ ਨੂੰ ਕਹਿੰਦੇ,

ਸਤੁੰਸ਼ਟੀ ਦੇ ਆਲਮ ਵਿਚ ਜੋ ਬੰਦਾ ਹੈ ਸੌਦਾਈ।

ਜੀਵਨ ਵਿਚ ਉਹ ਜੇਤੂ ਜਿਸ ਨੇ ਕੈਦ ਸਮੇਂ ਨੂੰ ਕੀਤਾ,

ਡੁਬੇ ਸੂਰਜ ਦੇ ਚਾਨਣ ਨੇ ਸਭ ਨੂੰ ਗੱਲ ਸਮਝਾਈ।

ਵੇਖਣ ਨੂੰ ਤਾਂ ਭਾਵੇ ਬਿਲਕੁਲ ਸਿੱਧਾ ਸਾਦਾ ਲਗਦਾ,

ਐਧਰ ਨਾਪ ਨਾ ਸਕਿਆ ਕੋਈ ਬਾਲਮ ਦੀ ਗਹਿਰਾਈ।

## ਰੋਡ ਸੇਫ਼ਟੀ ਸਬੰਧੀ ਆਰਟੀਏ ਨੇ ਕੀਤੀ ਅਧਿਕਾਰੀਆਂ ਨਾਲ ਮੀਟਿੰਗ

### ਰੋਡ ਸੇਫ਼ਟੀ ਸਬੰਧੀ ਵੱਧ ਤੋਂ ਵੱਧ ਕੀਤਾ ਜਾਵੇ ਜਾਗਰੂਕ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ



ਬਠਿੰਡਾ, 2 ਜੁਲਾਈ : ਰੋਡ ਸੇਫ਼ਟੀ ਸਬੰਧੀ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਸਬੰਧੀ ਆਰਟੀਏ ਮੈਡਮ ਪੂਨਮ ਸਿੰਘ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਆਰਟੀਏ ਮੈਡਮ ਪੂਨਮ ਸਿੰਘ ਨੇ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਰੋਡ ਸੇਫਟੀ ਦੇ ਮੱਦੇਨਜ਼ਰ ਚੁੱਕੇ ਜਾਣ ਵਾਲੇ ਵਧੀਆ ਕਦਮਾਂ, ਰੋਡ ਮੈਪ, ਸੁਝਾਅ ਅਤੇ ਪਲਾਨ ਤਿਆਰ ਕਰਦਿਆਂ 10 ਦਿਨਾਂ ਚ ਰਿਪੋਰਟ ਪੇਸ਼ ਕੀਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸੜਕ ਸੁਰੱਖਿਆ ਫੋਰਸ ਨੂੰ ਵੀ ਰੋਡ ਸੇਫਟੀ ਦੀ ਮੀਟਿੰਗ ਦਾ ਹਿੱਸਾ ਬਣਾਇਆ ਜਾਵੇ।

ਉਨ੍ਹਾਂ ਪੀਆਰਟੀਸੀ ਤੇ ਪੁਲਿਸ ਵਿਭਾਗ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਰੋਡ ਸੇਫ਼ਟੀ ਸਬੰਧੀ ਸਾਂਝੇ ਤੌਰ ਤੇ ਜਾਗਰੂਕਤਾ ਕੈਂਪ ਲਗਾ ਕੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਣੂੰ ਕਰਵਾਉਣ। ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤ ਕੀਤੀ ਕਿ ਸਕੂਲੀ ਵੈਨਾਂ ਦੇ ਡਰਾਈਵਰਾਂ/ਕੰਡਕਟਰਾਂ ਅਤੇ ਸਕੂਲੀ ਬੱਚਿਆ ਨੂੰ ਵੱਧ ਤੋਂ ਵੱਧ ਰੋਡ ਸੇਫ਼ਟੀ ਬਾਰੇ ਜਾਕਰੂਕ ਕੀਤਾ ਜਾਵੇ ਅਤੇ ਘੱਟ ਉਮਰ ਵਾਲੇ ਵਿਦਿਆਰਥੀਆਂ ਨੂੰ ਵਾਹਨ ਚਲਾਉਣ ਤੋਂ ਸਖਤੀ ਨਾਲ ਰੋਕਿਆ ਜਾਵੇ।

ਮੀਟਿੰਗ ਦੌਰਾਨ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਟਰੈਫਿਕ ਲਾਈਟਾਂ, ਸੜਕਾਂ ਉਪਰ ਮਾਰਕਿੰਗ ਅਤੇ ਸਾਈਨ ਬੋਰਡ, ਮੈਨ ਚੌਕਾਂ ਵਿੱਚ ਸੀਸੀਟੀਵੀ ਕੈਮਰੇ ਲਗਾ ਕੇ ਉਨ੍ਹਾਂ ਨੂੰ ਚਾਲੂ ਹਾਲਤ ਵਿੱਚ ਰੱਖਣੇ ਯਕੀਨੀ ਬਣਾਏ ਜਾਣ। ਇਸ ਤੋਂ ਇਲਾਵਾ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਪੱਠਿਆਂ ਵਾਲੀਆਂ ਟਾਲਾਂ ਨੂੰ ਸਾਈਡ ਤੇ ਕਰਵਾਇਆ ਜਾਵੇ ਤਾਂ ਜੋ ਅਵਾਰਾ ਪਸ਼ੂਆਂ ਨਾਲ ਹੋਣ ਵਾਲੇ ਹਾਦਸਿਆਂ ਤੋਂ ਬਚਿਆ ਜਾ ਸਕੇ। ਉਨ੍ਹਾਂ ਨਗਰ ਨਿਗਮ ਤੇ ਪੀਆਰਟੀਸੀ ਵਿਭਾਗ ਨੂੰ ਕਿਹਾ ਕਿ ਸਾਂਝੇ ਤੌਰ ਤੇ ਕੰਮ ਕਰਦਿਆਂ ਜ਼ਰੂਰਤ ਅਨੁਸਾਰ ਸ਼ਹਿਰ ਵਿੱਚ ਆਰਜੀ ਬੱਸ ਸਟੈਂਡ ਬਨਾਉਣ ਵਾਲੇ ਢੁਕਵੇਂ ਸਥਾਨਾਂ ਦੀ ਸ਼ਨਾਖਤ ਕੀਤੀ ਜਾਵੇ।ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੀਆਂ ਸੜਕਾਂ ਤੇ ਪਏ ਟੋਇਆਂ ਆਦਿ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ। ਬਾਲ ਸੁਰੱਖਿਆ ਵਿਭਾਗ ਨੂੰ ਕਿਹਾ ਕਿ ਸਕੂਲ ਵਾਹਨ ਸਕੀਮ ਤਹਿਤ ਕੈਂਪ ਲਗਾ ਕੇ ਵੱਧ ਤੋਂ ਵੱਧ ਬੱਚਿਆਂ ਨੂੰ ਜਾਗਰੂਕ ਕੀਤਾ ਜਾਵੇ ਅਤੇ ਸ਼ਹਿਰ ਦੇ ਚੌਂਕਾਂ ਆਦਿ ਵਿਖੇ ਭੀਖ ਮੰਗਣ ਵਾਲੇ ਵਾਲੇ ਬੱਚਿਆਂ ਨੂੰ ਵੀ ਜਾਗਰੂਕ ਕਰਦਿਆਂ ਉਨ੍ਹਾਂ ਨੂੰ ਸਕੂਲਾਂ ਵਿਚ ਦਾਖ਼ਲ ਕਰਵਾਇਆ ਜਾਵੇ। ਇਸ ਮੌਕੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਸ. ਹਰਜਿੰਦਰ ਸਿੰਘ ਜੱਸਲ, ਨਿਗਰਾਨ ਇੰਜੀਨੀਅਰ ਨਗਰ ਨਿਗਮ ਸ਼੍ਰੀ ਰਾਜਿੰਦਰ ਕੁਮਾਰ, ਪੀਆਰਟੀਸੀ ਤੋਂ ਟਾਈਮ ਟੇਬਲ ਇੰਸਪੈਕਟਰ ਸ਼੍ਰੀ ਜਸਵਿੰਦਰ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ਼੍ਰੀਮਤੀ ਰਵਨੀਤ ਕੌਰ ਸਿੱਧੂ, ਡੀ.ਐਸ.ਪੀ. ਸ਼੍ਰੀ ਰਾਜ਼ੇਸ ਕੁਮਾਰ ਤੋਂ ਇਲਾਵਾ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

## ਪੰਜਾਬ ਦੇ ਐੱਮ ਪੀ ਲੋਕ ਸਭਾ ਵਿੱਚ ਉਹ ਬੋਲੀ ਵਰਤਣ ਜਿਸ ਵਿੱਚ ਪਿਛਲੇ ਮਹੀਨੇ ਅੱਜ ਦੇ ਦਿਨ ਵੋਟਾਂ ਮੰਗੀਆਂ ਸੀ- ਪ੍ਰੋ. ਗੁਰਭਜਨ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 2 ਜੁਲਾਈ : ਪੰਜਾਬ ਦੇ ਮੈਂਬਰ ਪਾਰਲੀਮੈਂਟ ਲੋਕ ਸਭਾ ਵਿੱਚ ਉਹੀ ਬੋਲੀ ਵਰਤਣ ਜਿਸ ਵਿੱਚ ਪਿਛਲੇ ਮਹੀਨੇ ਵੋਟਾਂ ਮੰਗੀਆਂ ਸੀ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਦੇਸ਼ ਦਾ ਵਿਧਾਨ ਸਾਨੂੰ ਇਹ ਅਧਿਕਾਰ ਦੇਂਦਾ ਹੈ ਕਿ ਅਸੀਂ ਆਪੇ ਆਪਣੀ ਮਾਂ ਬੋਲੀ ਵਿੱਚ ਦੇਸ਼ ਦੇ ਸਰਵੋਤਮ ਤੇ ਪਵਿੱਤਰ ਸਦਨ ਵਿੱਚ ਆਪਣੀ ਗੱਲ ਕਰ ਸਕੀਏ।
ਪ੍ਰੋ. ਗਿੱਲ ਨੇ ਕਿਹਾ ਕਿ ਅੰਗਰੇਜ਼ੀ ਉਰਦੂ ਜਾਂ ਹਿੰਦੀ ਬੋਲਣਾ ਗੁਨਾਹ ਨਹੀਂ ਪਰ ਪੰਜਾਬੀਆਂ ਦੀ ਮਾਂ ਬੋਲੀ ਦੀ ਨੁਮਾਇੰਦਗੀ ਨਾ ਕਰਨਾ ਬੱਜਰ ਕੁਰਹਿਤ ਹੈ। ਉਨ੍ਹਾਂ ਕਿਹਾ ਕਿ ਸਾਡੇ ਸਭ ਪ੍ਰਤੀਨਿਧ ਹੀਣ ਭਾਵਨਾ ਵਿੱਚੋਂ ਨਿਕਲਣ ਅਤੇ ਦੋਹਾਂ ਸਦਨਾਂ ਵਿੱਚ ਹੀ ਆਪਣੇ ਵਿਚਾਰ ਮਾਂ ਬੋਲੀ ਪੰਜਾਬੀ ਵਿੱਚ ਪੇਸ਼ ਕਰਨ। ਉਨ੍ਹਾਂ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸ. ਗੁਰਮੀਤ ਸਿੰਘ ਮੀਤ ਹੇਅਰ ਦੀ ਸ਼ਲਾਘਾ ਕੀਤੀ ਜਿਸਨੇ ਸੋਹਣੀ ਪੰਜਾਬੀ ਬੋਲ ਕੇ ਤੱਤ ਸਾਰ ਪੇਸ਼ ਕਰਦਿਆਂ ਪੰਜਾਬ ਦੇ ਸਰਬੱਤ ਮਾਮਲੇ ਉਠਾਏ।
ਜਿਹੜੇ ਪ੍ਰਤੀਨਿਧਾਂ ਨੇ ਹੋਰ ਜ਼ਬਾਨਾਂ ਵਿੱਚ ਸੰਬੋਧਨ ਕਰਕੇ ਉਕਾਈ ਕੀਤੀ ਹੈ,ਉਹ ਇਸ ਨੂੰ ਭਵਿੱਖ ਵਿੱਚ ਨਾ ਦੁਹਰਾਉਣ।